Department of
**Education**

GOVERNMENT OF
WESTERN AUSTRALIA

# ਯੂਨੀਵਰਸਿਟੀ ਲਈ ਮਾਰਗ

## ਮਾਪਿਆਂ ਅਤੇ ਦੇਖਭਾਲ ਕਰਨ ਵਾਲਿਆਂ ਲਈ ਜਾਣਕਾਰੀ

ਸੀਨੀਅਰ ਸਕੂਲੀ ਵਿਦਿਆਰਥੀ ਯੂਨੀਵਰਸਿਟੀ, ਸਿਖਲਾਈ ਅਤੇ ਰੁਜ਼ਗਾਰ ਦੇ ਕਈ ਤਰ੍ਹਾਂ ਦੇ ਰਸਤਿਆਂ ਵਿੱਚੋਂ ਕਿਸੇ ਦੀ ਚੋਣ ਕਰ ਸਕਦੇ ਹਨ।  ਵਿਦਿਆਰਥੀਆਂ ਦੀਆਂ ਰੁਚੀਆਂ, ਹੁਨਰਾਂ, ਲੋੜਾਂ ਅਤੇ ਇੱਛਾਵਾਂ ਨੂੰ ਪੂਰਾ ਕਰਨ ਲਈ ਰਸਤਿਆਂ ਦੀ ਚੋਣ ਕੀਤੀ ਜਾ ਸਕਦੀ ਹੈ।

### ਯੂਨੀਵਰਸਿਟੀ ਮਾਰਗ ਕੀ ਹਨ?

**ATAR**

ਵਿਦਿਆਰਥੀ ਦੀ ਆਸਟ੍ਰੇਲੀਆ ਦੀ ਡਿਗਰੀ ਦੀ ਪੜ੍ਹਾਈ ਲਈ ਦਾਖਲਾ ਰੈਂਕ (ATAR) ਦੀ ਗਣਨਾ ਉਹਨਾਂ ਦੇ ਕੋਰਸ ਅਤੇ ਪ੍ਰੀਖਿਆ ਦੇ ਨਤੀਜਿਆਂ ਦੀ ਵਰਤੋਂ ਕਰਕੇ ਕੀਤੀ ਜਾਂਦੀ ਹੈ। ਇਸਦੇ ਲਈ ਘੱਟੋ-ਘੱਟ ਚਾਰ ATAR ਕੋਰਸਾਂ ਦੀ ਲੋੜ ਹੁੰਦੀ ਹੈ। ਜ਼ਿਆਦਾਤਰ ਵਿਦਿਆਰਥੀਆਂ ਲਈ, ATAR ਕੋਰਸਾਂ ਦੀ ਅਕਾਦਮਿਕ ਪ੍ਰਕਿਰਤੀ ਅਤੇ ਚੁਣੌਤੀ ਯੂਨੀਵਰਸਿਟੀ ਵਿੱਚ ਸਫ਼ਲਤਾ ਲਈ ਬੇਹਤਰੀਨ ਤਿਆਰੀ ਪ੍ਰਦਾਨ ਕਰਦੀ ਹੈ।

ਸਕੂਲ ਮੁਕੰਮਲ ਕਰਨ ਤੋਂ ਬਾਅਦ ATAR ਦੀ ਵਰਤੋਂ ਕਰਦੇ ਹੋਏ ਯੂਨੀਵਰਸਿਟੀ ਲਈ ਵਿਚਾਰੇ ਜਾਣ ਲਈ, ਵਿਦਿਆਰਥੀਆਂ ਨੂੰ ਲਾਜ਼ਮੀ ਤੌਰ 'ਤੇ:

- ਵੈਸਟਰਨ ਆਸਟ੍ਰੇਲੀਅਨ ਸਰਟੀਫ਼ਿਕੇਟ ਆਫ਼ ਐਜੂਕੇਸ਼ਨ ਲਈ ਸ਼ਰਤਾਂ ਪੂਰੀਆਂ ਕਰਨੀਆਂ ਚਾਹੀਦੀਆਂ ਹਨ।
- ਹਰੇਕ ਯੂਨੀਵਰਸਿਟੀ ਦੁਆਰਾ ਦਰਸਾਏ ਗਏ ਅੰਗਰੇਜ਼ੀ ਭਾਸ਼ਾ ਦੀ ਯੋਗਤਾ ਦੇ ਮਿਆਰ ਨੂੰ ਪੂਰਾ ਕਰਨਾ ਚਾਹੀਦਾ ਹੈ, ਇਹਨਾਂ ਵਿੱਚੋਂ ਇੱਕ ਰਾਹੀਂ:
    - ATAR ਅੰਗਰੇਜ਼ੀ
    - ATAR ਸਾਹਿਤ
    - ATAR EAL/D ਜਾਂ ਇਸ ਦੇ ਬਰਾਬਰ (50 ਜਾਂ ਇਸ ਤੋਂ ਵੱਧ ਦਾ ਵਧਾਇਆ ਗਿਆ ਸਕੋਰ)
    - ਜੋ ਕਿ ਅੰਗਰੇਜ਼ੀ ਲਈ ਸਪੈਸ਼ਲ ਟਰਸ਼ਰੀ ਐਡਮਿਸ਼ਨ ਟੈਸਟ (STAT) ਲਿਖਤੀ ਪ੍ਰੀਖਿਆ ਵਿੱਚ ਘੱਟੋ-ਘੱਟ ਸ਼ਰਤ ਹੈ।
- ਕਿਸੇ ਖ਼ਾਸ ਕੋਰਸ ਵਿੱਚ ਦਾਖਲੇ ਲਈ ਢੁੱਕਵੀਂ ਉੱਚ ATAR ਪ੍ਰਾਪਤ ਕਰੋ, ਅਤੇ
- ਕਿਸੇ ਖ਼ਾਸ ਕੋਰਸ ਵਿੱਚ ਦਾਖਲੇ ਦੀਆਂ ਕਿਸੇ ਵੀ ਪੂਰਵ-ਸ਼ਰਤਾਂ ਜਾਂ ਵਿਸ਼ੇਸ਼ ਸ਼ਰਤਾਂ ਨੂੰ ਪੂਰਾ ਕਰੋ।

12ਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਸਕੂਲਾਂ ਦੁਆਰਾ ਯੂਨੀਵਰਸਿਟੀਆਂ ਵਿੱਚ ਅਪਲਾਈ ਕਰਨ ਅਤੇ ਅੰਡਰਗਰੈਜੁਏਟ ਕੋਰਸਾਂ ਵਿੱਚ ਦਾਖਲੇ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ।

CC BY
Exclusions may apply

**ਚੋਣ ਰੈਂਕ ਵਿੱਚ ਫੇਰ-ਬਦਲ ਨਾਲ ATAR**

ਕੁੱਝ ਵਿਦਿਆਰਥੀ ATAR ਵਿੱਚ ਫੇਰ-ਬਦਲ ਲਈ ਯੋਗ ਹੁੰਦੇ ਹਨ। ਫੇਰ-ਬਦਲ ਇਨ੍ਹਾਂ ਕਾਰਕਾਂ ਦੇ ਕਾਰਨ ਵਿਦਿਆਰਥੀ ਦੇ ਰੈਂਕ ਨੂੰ ਵਧਾਉਂਦਾ ਹੈ ਜਿਵੇਂ ਕਿ:

- 12ਵੀਂ ਜਮਾਤ ਦੇ ਵਿਸ਼ਿਆਂ ਵਿੱਚ ਪ੍ਰਦਰਸ਼ਨ
- ਕਿਸੇ ਖਾਸ ਖੇਤਰ ਵਿੱਚ ਰਹਿਣਾ ਜਾਂ ਸਕੂਲ ਜਾਣਾ
- ਯੂਨੀਵਰਸਿਟੀ ਵਿੱਚ ਜਾਣ ਲਈ ਪਰਿਵਾਰ ਦਾ ਪਹਿਲਾ ਵਿਅਕਤੀ ਹੋਣਾ
- ਵਿੱਦਿਅਕ ਪਹੁੰਚ ਸਕੀਮਾਂ ਲਈ ਯੋਗਤਾ।



BY
Exclusions may apply

ਇੱਕ ਵਿਦਿਆਰਥੀ ਦੇ ਵੱਖ-ਵੱਖ ਯੂਨੀਵਰਸਿਟੀਆਂ ਲਈ ਵੱਖ-ਵੱਖ ਚੋਣ ਰੈਂਕ ਹੋ ਸਕਦੇ ਹਨ। ਹੋਰ ਜਾਣਕਾਰੀ ਲਈ, ਇੱਥੇ ਜਾਓ:

| ਯੂਨੀਵਰਸਿਟੀ | ਵੈੱਬਸਾਈਟ |
|---|---|
| **ਕਰਟਿਨ** | https://study.curtin.edu.au/applying/pathways/stepup-to-curtin |
| **ਐਡਿੱਥ ਕੋਵਾਨ** | https://www.ecu.edu.au/__data/assets/pdf_file/0011/676946/ECU-Access-Eligible-WA-Schools.pdf |
| **ਮਰਡੋਕ** | https://www.murdoch.edu.au/study/pathways-to-uni/high- school/selection-rank-adjustment |
| **WA ਯੂਨੀਵਰਸਿਟੀ** | https://www.uwa.edu.au/study/how-to-apply/admission-entry-pathways/broadway |

## ਵੋਕੇਸ਼ਨਲ ਸਿੱਖਿਆ ਅਤੇ ਸਿਖਲਾਈ (VET)

ਵਿਦਿਆਰਥੀ ਕਈ ਕਿਸਮ ਦੇ ਅੰਡਰਗਰੈਜੂਏਟ ਕੋਰਸਾਂ ਦੀਆਂ ਘੱਟੋ-ਘੱਟ ਦਾਖਲਾ ਲੋੜਾਂ ਨੂੰ ਪੂਰਾ ਕਰਨ ਲਈ VET ਯੋਗਤਾਵਾਂ ਦੀ ਵਰਤੋਂ ਕਰ ਸਕਦੇ ਹਨ। ਆਮ ਤੌਰ 'ਤੇ, ਬਿਨੈਕਾਰਾਂ ਨੇ ਸਫ਼ਲਤਾਪੂਰਵਕ WACE ਪ੍ਰਾਪਤ ਕੀਤਾ ਹੁੰਦਾ ਹੈ, ਸਰਟੀਫ਼ਿਕੇਟ IV ਪੱਧਰ ਦੀ ਯੋਗਤਾ ਪੂਰੀ ਕੀਤੀ ਹੁੰਦੀ ਹੈ ਅਤੇ ਅੰਗਰੇਜ਼ੀ ਭਾਸ਼ਾ ਦੀ ਯੋਗਤਾ ਨੂੰ ਪੂਰਾ ਕੀਤਾ ਹੁੰਦਾ ਹੈ। ਹੋਰ ਜਾਣਕਾਰੀ ਲਈ, ਇੱਥੇ ਜਾਓ:

| ਯੂਨੀਵਰਸਿਟੀ | ਵੈੱਬਸਾਈਟ |
|---|---|
| **ਕਰਟਿਨ** | https://study.curtin.edu.au/applying/pathways/tafe-vet |
| **ਐਡਿੱਥ ਕੋਵਾਨ** | https://www.ecu.edu.au/future-students/course-entry<br>ਵਿਦਿਆਰਥੀ ECU UniPrep ਕੋਰਸਾਂ ਵਿੱਚ ਦਾਖਲੇ ਲਈ ਅਰਜ਼ੀ ਦੇਣ ਲਈ ਸਰਟੀਫ਼ਿਕੇਟ III ਅਤੇ ਅੰਗਰੇਜ਼ੀ ਭਾਸ਼ਾ ਦੀ ਯੋਗਤਾ ਦੀ ਵਰਤੋਂ ਕਰ ਸਕਦੇ ਹਨ, ਜਾਣਕਾਰੀ ਲਈ https://www.ecu.edu.au/degrees/uniprep 'ਤੇ ਜਾਓ। |
| **ਮਰਡੋਕ** | https://www.murdoch.edu.au/study/pathways-to-uni/vocational- education-and-training<br>ਵਿਦਿਆਰਥੀ ਮਰਡੋਕ ਦੇ ਔਨਟ੍ਰੈਕ (OnTrack) ਅਤੇ ਫਲੈਕਸੀਟ੍ਰੈਕ (FlexiTrack) ਪ੍ਰੋਗਰਾਮਾਂ ਵਿੱਚ ਦਾਖਲੇ ਲਈ ਅਰਜ਼ੀ ਦੇਣ ਲਈ ਬਾਲਗਾਂ ਲਈ ਜਨਰਲ ਐਜੁਕੇਸ਼ਨ ਵਿੱਚ ਸਰਟੀਫ਼ਿਕੇਟ II ਜਾਂ ਸਰਟੀਫ਼ਿਕੇਟ III ਅਤੇ ਅੰਗਰੇਜ਼ੀ ਭਾਸ਼ਾ ਦੀ ਯੋਗਤਾ ਦੀ ਵਰਤੋਂ ਕਰ ਸਕਦੇ ਹਨ। ਜਾਣਕਾਰੀ ਲਈ, ਇੱਥੇ ਜਾਓ: OnTrack – https://www.murdoch.edu.au/course/enabling/n1111 FlexiTrack – https://www.murdoch.edu.au/course/enabling/n1101 |
| **ਨੋਟਰ ਡੇਮ ਯੂਨੀਵਰਸਿਟੀ** | https://www.notredame.edu.au/study/pathways/vet-study<br>ਕਾਨੂੰਨ, ਫਿਜ਼ੀਓਥੈਰੇਪੀ ਅਤੇ ਸਿੱਖਿਆ ਨੂੰ ਛੱਡ ਕੇ ਜ਼ਿਆਦਾਤਰ ਕੋਰਸਾਂ ਲਈ ਉਪਲਬਧ ਹੈ। |
| **WA ਯੂਨੀਵਰਸਿਟੀ** | https://www.uwa.edu.au/study/How-to-apply/Admission-entry- pathways/Diploma-Entry-Pathway |


CC BY
Exclusions may apply

## ਐਬੋਰਿਜ਼ਨਲ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਵਿਦਿਆਰਥੀਆਂ ਲਈ ਮਾਰਗ

ਐਬੋਰਿਜ਼ਨਲ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਵਿਦਿਆਰਥੀਆਂ ਲਈ ਯੂਨੀਵਰਸਿਟੀ ਵਿੱਚ ਦਾਖਲ ਹੋਣ ਲਈ ਸਮਰਪਿਤ ਮਾਰਗ ਹਨ। ਹੋਰ ਜਾਣਕਾਰੀ ਲਈ, ਇੱਥੇ ਜਾਓ:

| ਯੂਨੀਵਰਸਿਟੀ | ਵੈੱਬਸਾਈਟ |
|---|---|
| **ਕਰਟਿਨ** | https://karda.curtin.edu.au/study/enabling-courses |
| **ਐਡਿੱਥ ਕੋਵਾਨ** | ਐਬੋਰਿਜ਼ਨਲ ਯੂਨੀਵਰਸਿਟੀ ਰੈਡੀਨੇਸ ਅਸੈਸਮੈਂਟ (AURA) ਉਹਨਾਂ ਵਿਦਿਆਰਥੀਆਂ ਨੂੰ ਯੂਨੀਵਰਸਿਟੀ ਦਾਖਲੇ ਲਈ ਵਿਚਾਰੇ ਜਾਣ ਦੀ ਆਗਿਆ ਦਿੰਦੀ ਹੈ ਜਿਨ੍ਹਾਂ ਨੇ ਸਰਟੀਫ਼ਿਕੇਟ II ਜਾਂ ਇਸ ਤੋਂ ਘੱਟ ਪਾਸ ਕੀਤਾ ਹੈ। ਜਾਣਕਾਰੀ ਲਈ, https://www.ecu.edu.au/centres/kurongkurl-katitjin/student-success- and-support/aborignal-university-readiness-assessment 'ਤੇ ਜਾਓ। |
| **ਮਰਡੋਕ** | ਕੇ-ਟਰੈਕ (K-Track) ਸਮਰੱਥ ਕਰਨ ਵਾਲਾ ਪ੍ਰੋਗਰਾਮ ਇੱਕ ਮੁਫ਼ਤ ਕੋਰਸ ਹੈ ਜੋ ਐਬੋਰਿਜ਼ਨਲ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਲੋਕਾਂ ਨੂੰ ਡਿਗਰੀ ਦੀ ਸਿੱਖਿਆ ਨਾਲ ਸ਼ੁਰੂ ਕਰਨ ਜਾਂ ਦਿਸ਼ਾ ਵਿੱਚ ਤਬਦੀਲੀ ਦੀ ਭਾਲ ਕਰਨ ਵਿੱਚ ਸਮਰੱਥ ਬਣਾਉਂਦਾ ਹੈ। ਜਾਣਕਾਰੀ ਲਈ, https://www.murdoch.edu.au/life-at- murdoch/perth-campus/facilities-services/kulbardi-aboriginal-centre/k-track- enabling-program 'ਤੇ ਜਾਓ। |
| **ਨੋਟਰ ਡੇਮ ਯੂਨੀਵਰਸਿਟੀ** | ਨੋਟਰ ਡੇਮ ਕੋਲ ਐਬੋਰਿਜ਼ਨਲ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਵਿਦਿਆਰਥੀਆਂ ਲਈ ਡਾਕਟਰੀ ਦੀ ਪੜ੍ਹਾਈ ਕਰਨ ਲਈ ਕਈ ਮੌਕੇ ਅਤੇ ਵਿਕਲਪਕ ਦਾਖਲੇ ਦੇ ਰਸਤੇ ਹਨ। ਜਾਣਕਾਰੀ ਲਈ, https://www.notredame.edu.au/current- students/support/indigenous-portal 'ਤੇ ਜਾਓ। |
| **WA ਯੂਨੀਵਰਸਿਟੀ** | ਸਵਦੇਸ਼ੀ ਪੜ੍ਹਾਈ ਦੇ ਮੌਕੇ: ਯੂਨੀਵਰਸਿਟੀ ਆਫ਼ ਵੈਸਟਰਨ ਆਸਟ੍ਰੇਲੀਆ ਵਿੱਚ ਐਬੋਰਿਜ਼ਨਲ ਓਰੀਐਂਟੇਸ਼ਨ ਕੋਰਸ ਅਤੇ ਆਰਜ਼ੀ ਐਂਟਰੀ ਸਕੀਮ ਸ਼ਾਮਲ ਹੈ। ਜਾਣਕਾਰੀ ਲਈ, https://www.uwa.edu.au/study/indigenous-study 'ਤੇ ਜਾਓ। |

## ਯੂਨੀਵਰਸਿਟੀ ਲਈ ਤਿਆਰੀ ਦੇ ਕੋਰਸ

ਯੂਨੀਵਰਸਿਟੀ ਦੀ ਤਿਆਰੀ ਜਾਂ ਯੋਗ ਬਣਾਉਣ ਵਾਲੇ ਕੋਰਸ ਵਿਦਿਆਰਥੀਆਂ ਨੂੰ ਕਈ ਕਿਸਮ ਦੇ ਅੰਡਰਗਰੈਜੂਏਟ ਕੋਰਸਾਂ ਨੂੰ ਕਰਨ ਲਈ ਯੋਗ ਬਣਨ ਲਈ ਤਿਆਰ ਹੋਣ ਵਾਸਤੇ ਤਿਆਰ ਕੀਤੇ ਗਏ ਹਨ। ਇਹ ਕੋਰਸ ਯੂਨੀਵਰਸਿਟੀ ਪੱਧਰ ਦੀ ਪੜ੍ਹਾਈ ਲਈ ਲੋੜੀਂਦੇ ਹੁਨਰਾਂ 'ਤੇ ਧਿਆਨ-ਕੇਂਦ੍ਰਿਤ ਕਰਦੇ ਹਨ ਜਿਵੇਂ ਕਿ ਖੋਜ, ਲਿਖਣ ਦੀਆਂ ਪ੍ਰਕਿਰਿਆਵਾਂ ਅਤੇ ਸੰਖਿਆਤਮਕਤਾ। ਹੋਰ ਜਾਣਕਾਰੀ ਲਈ, ਇੱਥੇ ਜਾਓ:

| ਯੂਨੀਵਰਸਿਟੀ | ਵੈੱਬਸਾਈਟ |
|---|---|
| **ਕਰਟਿਨ** | UniReady ਪ੍ਰੋਗਰਾਮ ਮੁਫ਼ਤ ਹੈ ਅਤੇ ਸਕੂਲ ਛੱਡਣ ਵਾਲਿਆਂ ਅਤੇ ਵੱਡੀ ਉਮਰ ਦੇ ਵਿਦਿਆਰਥੀਆਂ ਲਈ ਖੁੱਲ੍ਹਾ ਹੈ। ਜਾਣਕਾਰੀ ਲਈ, https://study.curtin.edu.au/applying/pathways/uniready-enabling-program 'ਤੇ ਜਾਓ। |
| **ਐਡਿੱਥ ਕੋਵਾਨ** | UniPrep ਕੋਰਸ ਮੁਫ਼ਤ ਹਨ ਅਤੇ ਸਕੂਲ ਛੱਡਣ ਵਾਲਿਆਂ ਅਤੇ ਪਰਿਪੱਕ ਉਮਰ ਦੇ ਵਿਦਿਆਰਥੀਆਂ ਲਈ ਖੁੱਲ੍ਹੇ ਹਨ ਜਾਣਕਾਰੀ ਲਈ https://www.ecu.edu.au/degrees/uniprep 'ਤੇ ਜਾਓ। |
| **ਮਰਡੋਕ** | ਮਰਡੋਕ ਕੋਲ ਕਈ ਕਿਸਮ ਦੇ ਯੋਗ ਰਸਤੇ ਹਨ। ਜਾਣਕਾਰੀ ਲਈ http://www.murdoch.edu.au/study/courses/enabling-pathways 'ਤੇ ਜਾਓ। |
| **ਨੋਟਰ ਡੇਮ ਯੂਨੀਵਰਸਿਟੀ** | https://www.notredame.edu.au/study/pathways/tertiary-pathway-program |



Exclusions may apply

## ਪੋਰਟਫੋਲੀਓ ਦਾਖਲਾ

ਵਿਦਿਆਰਥੀਆਂ ਨੂੰ ਪੋਰਟਫੋਲੀਓ ਦੇ ਅਧਾਰ 'ਤੇ ਵਿਸ਼ੇਸ਼ ਅੰਡਰਗ੍ਰੈਜੂਏਟ ਕੋਰਸਾਂ ਵਿੱਚ ਦਾਖਲੇ ਲਈ ਵਿਚਾਰਿਆ ਜਾ ਸਕਦਾ ਹੈ ਜੋ ਅਕਾਦਮਿਕ ਪ੍ਰਾਪਤੀਆਂ, ਯੋਗਤਾਵਾਂ, ਕਾਬਲੀਅਤਾਂ, ਅਤੇ ਡਿਗਰੀ ਦੀ ਪੜ੍ਹਾਈ ਲਈ ਅਨੁਕੂਲਤਾ ਨੂੰ ਦਰਸਾਉਂਦਾ ਹੈ। ਹੋਰ ਜਾਣਕਾਰੀ ਲਈ, ਇੱਥੇ ਜਾਓ:

| ਯੂਨੀਵਰਸਿਟੀ | ਵੈੱਬਸਾਈਟ |
|---|---|
| **ਕਰਟਿਨ** | ਪੋਰਟਫੋਲੀਓ ਦਾਖਲਾ ਕਈ ਕਿਸਮ ਦੇ ਹਿਉਮੈਨੀਟੀਜ਼, ਵਿਗਿਆਨ, ਵਪਾਰ ਅਤੇ ਸਿਹਤ ਵਿਗਿਆਨ ਕੋਰਸਾਂ ਲਈ ਉਪਲਬਧ ਹੈ। ਜਾਣਕਾਰੀ ਲਈ, https://study.curtin.edu.au/applying/pathways/portfolio-entry 'ਤੇ ਜਾਓ। |
| **ਐਡਿੱਥ ਕੋਵਾਨ** | ਵਿਦਿਆਰਥੀਆਂ ਨੂੰ ATAR ਤੋਂ ਬਗ਼ੈਰ ਰਚਨਾਤਮਕ ਕਲਾਵਾਂ ਅਤੇ ਡਿਜ਼ਾਈਨ ਵਿਸ਼ਿਆਂ ਵਿੱਚ ਵਿਸ਼ੇਸ਼ ਅੰਡਰਗ੍ਰੈਜੂਏਟ ਕੋਰਸਾਂ ਵਿੱਚ ਦਾਖਲੇ ਲਈ ਵਿਚਾਰਿਆ ਜਾ ਸਕਦਾ ਹੈ। ਜਾਣਕਾਰੀ ਲਈ, https://www.ecu.edu.au/future-students/course- entry/creative-arts-portfolio- entry 'ਤੇ ਜਾਓ। |
| **ਮਰਡੋਕ** | ਇਹ ਮੀਡੀਆ ਰਸਤਾ ਉਹਨਾਂ ਰਚਨਾਤਮਕ ਵਿਦਿਆਰਥੀਆਂ ਲਈ ਹੈ ਜੋ ਕਲਾ ਵਾਲੇ ਕੋਰਸ ਵਿੱਚ ਦਾਖਲਾ ਲੈਣਾ ਚਾਹੁੰਦੇ ਹਨ। ਜਾਣਕਾਰੀ ਲਈ, https://www.murdoch.edu.au/study/courses/undergraduate-courses/portfolio-entry-pathway http://www.murdoch.edu.au/study/courses/undergraduate-courses/portfolio- entry-pathway/media-portfolio-pathway 'ਤੇ ਜਾਓ। |

## ਤਜ਼ਰਬੇ ਦੇ ਆਧਾਰ 'ਤੇ ਦਾਖਲਾ

ਵਿਦਿਆਰਥੀਆਂ ਦੁਆਰਾ ਪ੍ਰਦਾਨ ਕੀਤੇ ਗਏ ਸਬੂਤਾਂ ਦੇ ਆਧਾਰ 'ਤੇ ਉਹਨਾਂ ਦੀ ਉੱਚ ਸਿੱਖਿਆ ਵਿੱਚ ਸਫ਼ਲ ਹੋਣ ਦੀ ਯੋਗਤਾ ਲਈ ਯੂਨੀਵਰਸਿਟੀ ਦੇ ਮੁਲਾਂਕਣ ਦੁਆਰਾ ਅੰਡਰਗਰੈਜੂਏਟ ਕੋਰਸ ਵਿੱਚ ਦਾਖਲੇ ਲਈ ਵਿਚਾਰਿਆ ਜਾ ਸਕਦਾ ਹੈ। ਹੋਰ ਜਾਣਕਾਰੀ ਲਈ, ਇੱਥੇ ਜਾਓ:

| ਯੂਨੀਵਰਸਿਟੀ | ਵੈੱਬਸਾਈਟ |
|---|---|
| **ਕਰਟਿਨ** | ਜੇਕਰ ਕੋਈ ਹੋਰ ਮਾਰਗ ਢੁੱਕਵਾਂ ਨਹੀਂ ਹੈ ਤਾਂ ਵਿਦਿਆਰਥੀਆਂ ਨੂੰ ਉਹਨਾਂ ਦੇ ਪਸੰਦੀਦਾ ਕੋਰਸ ਵਿੱਚ ਦਾਖਲਾ ਲੈਣ ਵਿੱਚ ਮੱਦਦ ਕਰ ਸਕਦਾ ਹੈ। ਜਾਣਕਾਰੀ ਲਈ, https://study.curtin.edu.au/applying/pathways/access-curtin 'ਤੇ ਜਾਓ। |
| **ਐਡਿੱਥ ਕੋਵਾਨ** | ਵਿਦਿਆਰਥੀਆਂ ਨੂੰ ਉੱਚ ਸਿੱਖਿਆ ਵਿੱਚ ਸਫ਼ਲ ਹੋਣ ਦੀ ਉਹਨਾਂ ਦੀ ਯੋਗਤਾ ਦਾ ਮੁਲਾਂਕਣ ਕਰਨ ਦੁਆਰਾ ਇੱਕ ਅੰਡਰਗਰੈਜੂਏਟ ਕੋਰਸ ਵਿੱਚ ਦਾਖਲੇ ਲਈ ਵਿਚਾਰੇ ਜਾਣ ਦੀ ਆਗਿਆ ਦਿੰਦਾ ਹੈ। ਜਾਣਕਾਰੀ ਲਈ, https://www.ecu.edu.au/future-students/course- entry/experience-based-entry-scheme 'ਤੇ ਜਾਓ। |
| **ਮਰਡੋਕ** | ਡਿਗਰੀ ਕੋਰਸ ਵਿੱਚ ਦਾਖਲਾ ਲੈਣ ਦੀ ਲੋੜ ਤੋਂ ਬਗ਼ੈਰ ਆਪਣੀ ਪਸੰਦ ਦੀਆਂ ਇਕੱਲੀਆਂ ਯੂਨਿਟਾਂ ਦੀ ਪੜ੍ਹਾਈ ਕਰਨ ਲਈ ਮੁਲਾਂਕਣ ਵਾਲਾ ਜਾਂ ਗੈਰ-ਮੁਲਾਂਕਣ ਵਿਕਲਪ ਪ੍ਰਦਾਨ ਕਰਦਾ ਹੈ। ਜਾਣਕਾਰੀ ਲਈ, https://www.uwa.edu.au/study/courses-and-careers/short-courses/access- uwa-assessed 'ਤੇ ਜਾਓ। |
| **WA ਯੂਨੀਵਰਸਿਟੀ** | ਅਕਾਦਮਿਕ ਪ੍ਰਾਪਤੀਆਂ ਅਤੇ ਜੀਵਨ ਦੇ ਤਜ਼ਰਬਿਆਂ ਦੇ ਸੁਮੇਲ ਦੀ ਵਰਤੋਂ ਕਰਦੇ ਹੋਏ ਕੁੱਝ ਕੁ ਚੋਣਵੀਆਂ ਅੰਡਰਗਰੈਜੂਏਟ ਬੈਚੂਲਰ ਡਿਗਰੀਆਂ ਲਈ ਅਰਜ਼ੀ ਦੇਣ ਦੀ ਆਗਿਆ ਦਿੰਦਾ ਹੈ। ਵਧੇਰੇ ਜਾਣਕਾਰੀ ਲਈ, https://www.uwa.edu.au/study/How-to- apply/Admission-entry-pathways/Experience-based-entry 'ਤੇ ਜਾਓ। |

## ਵਿੱਦਿਅਕ ਪਹੁੰਚ ਸਕੀਮ

ਉਹ ਵਿਦਿਆਰਥੀ ਜਿਨ੍ਹਾਂ ਨੇ ਸੀਨੀਅਰ ਸੈਕੰਡਰੀ ਸਕੂਲਿੰਗ ਦੌਰਾਨ ਅਸਧਾਰਨ ਹਾਲਾਤਾਂ ਦਾ ਅਨੁਭਵ ਕੀਤਾ ਹੈ, ਜਿਸ ਨੇ ਉਨ੍ਹਾਂ ਦੀ 11ਵੀਂ ਅਤੇ 12ਵੀਂ ਜਮਾਤ ਦੀ ਪੜ੍ਹਾਈ 'ਤੇ ਮਾੜਾ ਅਸਰ ਪਾਇਆ ਹੈ, ਵੈਸਟਰਨ ਆਸਟ੍ਰੇਲੀਆ ਦੀਆਂ ਯੂਨੀਵਰਸਿਟੀਆਂ ਵਿੱਚ ਅੰਡਰਗਰੈਜੂਏਟ ਦਾਖਲਾ ਲੈ ਸਕਦੇ ਹਨ। ਬਿਨੈਕਾਰ ਟਰਸ਼ਰੀ ਇੰਸਟੀਚਿਊਟ ਸਰਵਿਸ ਸੈਂਟਰ (TISC) ਰਾਹੀਂ ਵਿਸ਼ੇਸ਼ ਵਿਚਾਰ ਕੀਤੇ ਜਾਣ ਲਈ ਅਰਜ਼ੀ ਦੇ ਸਕਦੇ ਹਨ।

ਵਧੇਰੇ ਜਾਣਕਾਰੀ ਲਈ, TISC ਦੀ ਵੈੱਬਸਾਈਟ, https://www.tisc.edu.au/static/home.tisc 'ਤੇ ਜਾਓ।



Exclusions may apply